BRAMPTON Flower City
brampton.ca

media release

20 ਅਪ੍ਰੈਲ, 2018 18-036

# ਅਪ੍ਰੈਲ ਸਿੱਖੀ ਵਿਰਸੇ ਦਾ ਮਹੀਨਾ ਹੈ
# ਬ੍ਰੈਂਪਟਨ ਆਪਣੇ ਸਿੱਖ ਭਾਈਚਾਰੇ ਦਾ ਜਸ਼ਨ ਮਨਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ: ਸਿਟੀ ਆਫ ਬ੍ਰੈਂਪਟਨ (City of Brampton) ਨੇ ਅਪ੍ਰੈਲ ਨੂੰ ਸਿੱਖੀ ਵਿਰਸੇ ਦੇ ਮਹੀਨੇ (Sikh Heritage Month) ਦੇ ਤੌਰ 'ਤੇ ਮਾਨਤਾ ਦਿੱਤੀ ਹੈ ਅਤੇ ਇਹ ਹਰ ਕਿਸੇ ਨੂੰ ਸ਼ਾਮਲ ਹੋਣ ਲਈ ਸੱਦਾ ਦਿੰਦੀ ਹੈ ਕਿਉਂਕਿ ਅਸੀਂ ਉਹਨਾਂ ਮਹੱਤਵਪੂਰਨ ਯੋਗਦਾਨਾਂ ਦਾ ਜਸ਼ਨ ਮਨਾਵਾਂਗੇ ਅਤੇ ਉਹਨਾਂ ਨੂੰ ਮਾਨਤਾ ਦੇਵਾਂਗੇ, ਜੋ ਸਿੱਖ ਕੈਨੇਡਾਵਾਸੀਆਂ ਨੇ ਬ੍ਰੈਂਪਟਨ ਦੇ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਢਾਂਚੇ ਵਿੱਚ ਪਾਏ ਹਨ। ਇਹ ਭਵਿੱਖੀ ਪੀੜ੍ਹੀਆਂ ਨੂੰ ਸਿੱਖ ਕੈਨੈਡਾਵਾਸੀਆਂ ਬਾਰੇ, ਅਤੇ ਉਹਨਾਂ ਨੇ ਸਾਡੇ ਭਾਈਚਾਰੇ ਅਤੇ ਪੂਰੇ ਦੇਸ਼ ਵਿੱਚ ਜੋ ਭੂਮਿਕਾ ਨਿਭਾਈ ਹੈ ਅਤੇ ਲਗਾਤਾਰ ਨਿਭਾ ਰਹੇ ਹਨ, ਬਾਰੇ ਯਾਦ ਕਰਾਉਣ, ਇਸਦਾ ਜਸ਼ਨ ਮਨਾਉਣ ਅਤੇ ਜਾਣਕਾਰੀ ਦੇਣ ਦਾ ਇੱਕ ਮੌਕਾ ਹੈ।

ਜਸ਼ਨ ਮਨਾਉਣ ਲਈ, ਸਿਟੀ 26 ਅਪ੍ਰੈਲ ਨੂੰ ਸ਼ਾਮ 6 ਵਜੇ ਤੋਂ 8 ਵਜੇ ਤੱਕ, ਸਿਟੀ ਹਾਲ ਐਟਰੀਅਮ (City Hall Atrium) ਅਤੇ ਕੋਨਸਰਵਟੋਰੀ (Conservatory) ਵਿਖੇ ਨੈੱਟਵਰਕਿੰਗ, ਪੇਸ਼ਕਾਰੀਆਂ ਅਤੇ ਲਾਈਵ ਮਨੋਰੰਜਨ ਦਾ ਆਯੋਜਨ ਕਰ ਰਹੀ ਹੈ। ਸਾਰਿਆਂ ਨੂੰ ਸ਼ਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਣ ਮਹੀਨਾ, ਇਹ ਖਾਲਸਾ ਅਤੇ ਸਿੱਖੀ ਨਿਸ਼ਠਾ ਦੀ ਸਿਰਜਣਾ ਕਰਨ ਦਾ ਪ੍ਰਤੀਕ ਹੈ। ਕਈ ਸਿੱਖ ਕੈਨੇਡਾਵਾਸੀਆਂ ਨੇ ਸ਼ਨੀਵਾਰ, 14 ਅਪ੍ਰੈਲ, 2018 ਨੂੰ, ਵਿਆਪਕ ਰੂਪ ਨਾਲ ਵਿਸਾਖੀ ਦਾ ਜਸ਼ਨ ਮਨਾਇਆ ਸੀ, ਇਸਨੂੰ ਖਾਲਸਾ ਦਿਵਸ (Khalsa Day) ਵੀ ਕਿਹਾ ਜਾਂਦਾ ਹੈ।

ਸਿੱਖੀ ਵਿਰਸੇ ਦੇ ਮਹੀਨੇ ਦੇ ਸਮਾਰੋਹ (Sikh Heritage Month Event) ਬਾਰੇ ਹੋਰ ਜਾਣਕਾਰੀ ਲਈ, www.brampton.ca 'ਤੇ ਜਾਓ।

**ਹਵਾਲੇ:**

"ਸਿਟੀ ਆਫ ਬ੍ਰੈਂਪਟਨ ਨੂੰ ਸਿੱਖੀ ਵਿਰਸੇ ਦੇ ਮਹੀਨੇ ਦੇ ਤੌਰ 'ਤੇ ਅਪ੍ਰੈਲ ਦਾ ਐਲਾਨ ਕਰਕੇ ਸਾਡੇ ਸਿੱਖ ਭਾਈਚਾਰੇ ਨੂੰ ਮਾਨਤਾ ਦੇਣ 'ਤੇ ਮਾਣ ਹੈ। ਅਸੀਂ ਇੱਥੇ ਬ੍ਰੈਂਪਟਨ ਵਿੱਚ ਸਾਡੇ ਭਾਈਚਾਰੇ ਵਿੱਚ ਸਕਿਰਿਆ ਰੂਪ ਨਾਲ ਜੁੜੇ ਰਹਿਣ ਲਈ ਸਿੱਖ ਭਾਈਚਾਰੇ ਦੇ ਧੰਨਵਾਦੀ ਹਾਂ, ਜੋ ਕਿ ਸਾਡੇ ਸੱਭਿਆਚਾਰਕ ਢਾਂਚੇ ਦਾ ਮਹੱਤਵਪੂਰਨ ਹਿੱਸਾ ਹੈ – ਤੁਸੀਂ ਲਗਾਤਾਰ ਸਾਨੂੰ ਸਭ ਨੂੰ ਪ੍ਰੇਰਨਾ ਦਿੰਦੇ ਹੋ।
- ਮੇਅਰ ਲਿੰਡਾ ਜੈਫਰੀ (Linda Jeffrey)

"ਮੈਨੂੰ ਸਿਟੀ ਆਫ ਬ੍ਰੈਂਪਟਨ ਦਾ ਨਿਵਾਸੀ ਹੋਣ 'ਤੇ ਮਾਣ ਹੈ ਕਿਉਂਕਿ ਅਸੀਂ ਅਪ੍ਰੈਲ ਨੂੰ ਸਿੱਖੀ ਵਿਰਸੇ ਦੇ ਮਹੀਨੇ ਦੇ ਤੌਰ 'ਤੇ ਮਾਨਤਾ ਦਿੱਤੀ ਹੈ। ਸਿੱਖੀ ਵਿਰਸੇ ਦਾ ਮਹੀਨਾ ਭਵਿੱਖੀ ਪੀੜ੍ਹੀਆਂ ਨੂੰ ਸਿੱਖ ਕੈਨੈਡਾਵਾਸੀਆਂ ਬਾਰੇ ਅਤੇ ਸਾਡੇ ਦੇਸ਼ ਵਿੱਚ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਬਾਰੇ ਯਾਦ ਕਰਾਉਣ, ਇਸਦਾ ਜਸ਼ਨ ਮਨਾਉਣ ਅਤੇ ਜਾਣਕਾਰੀ ਦੇਣ ਦਾ ਇੱਕ ਮੌਕਾ ਹੈ।"
- ਸਿਟੀ ਕਾਉਂਸਲਰ ਗੁਰਪ੍ਰੀਤ ਢਿੱਲੋਂ (Gurpreet Dhillon), ਵਾਰਡਸ 9 ਅਤੇ 10

- 30 -

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca